# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

ਦਫ਼ਤਰ, ਡਾਇਰੈਕਟਰ, ਯੋਜਨਾ ਅਤੇ ਨਿਰੀਖਣ

ਨੰਬਰ 1048 /ਯੋ.ਨਿ.
ਮਿਤੀ 18/8/26

ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਵਿਦੇਸ਼ੀ ਵਿਦਿਆਰਥੀ (ਭਾਰਤੀ ਨਾਗਰਿਕ) ਵਿਦੇਸ਼ਾਂ ਤੋਂ ਆਪਣੀ ਪੜ੍ਹਾਈ ਕਰਕੇ ਆਏ ਹਨ ਅਤੇ ਹੁਣ ਉਹ ਪੰਜਾਬੀ ਯੂਨੀਵਰਸਿਟੀ ਵਿਖੇ ਕਿਸੇ ਵੀ ਕੋਰਸ ਜਾਂ ਡਿਗਰੀ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ। ਉਹਨਾਂ ਨੂੰ ਪੰਜਾਬੀ ਯੂਨੀਵਰਸਿਟੀ ਵਿਖੇ ਦਾਖਲਾ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦਿੱਤਾ ਜਾਵੇਗਾ:

I. ਜਿਹੜੇ ਵਿਦਿਆਰਥੀ (ਭਾਰਤੀ ਨਾਗਰਿਕ) ਦਸਵੀਂ ਤੋਂ ਬਾਅਦ ਵਿਦੇਸ਼ ਤੋਂ ਪੜ੍ਹਾਈ ਕਰ ਕੇ ਆਏ ਹਨ ਉਹ AIU/CBSE ਆਦਿ ਰਾਸ਼ਟਰੀ ਪੱਧਰ ਦੀਆਂ Regulatory Bodies ਤੋਂ Equivalency Certificate ਲੈ ਕੇ ਆਉਣਗੇ। ਜਿਹੜੇ ਵਿਦਿਆਰਥੀ (ਭਾਰਤੀ ਨਾਗਰਿਕ) 10+2 ਤੋਂ ਬਾਅਦ ਵਿਦੇਸ਼ ਤੋਂ ਪੜ੍ਹਾਈ ਕਰ ਕੇ ਆਏ ਹਨ ਉਹ AIU/UGC ਆਦਿ ਰਾਸ਼ਟਰੀ ਪੱਧਰ ਦੀਆਂ Regulatory Bodies ਤੋਂ Equivalency Certificate ਲੈ ਕੇ ਆਉਣਗੇ। ਜਿਹੜੇ ਵਿਦਿਆਰਥੀ ਇਹਨਾਂ ਸੰਸਥਾਵਾਂ ਤੋਂ Equivalency Certificate ਨਹੀਂ ਲੈ ਕੇ ਆਉਣਗੇ ਉਹਨਾਂ ਦਾ ਕੇਸ ਦਾਖਲੇ ਲਈ ਨਹੀਂ ਵਿਚਾਰਿਆ ਜਾਵੇਗਾ।

II. ਇਹਨਾਂ ਵਿਦਿਆਰਥੀਆਂ ਨੇ ਜਿਹੜੇ ਕੋਰਸ ਜਾਂ ਵਿਭਾਗ ਵਿੱਚ ਦਾਖਲਾ ਲੈਣਾ ਹੈ ਉਸ ਸਬੰਧੀ ਕਿਸੇ ਪੱਤਰ ਵਿਭਾਗ ਦੇ ਮੁਖੀ ਨੂੰ ਦਿੱਤੇ ਜਾਣਗੇ। ਵਿਦਿਆਰਥੀਆਂ ਦੁਆਰਾ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਉਪਰੰਤ ਵਿਭਾਗ ਕੇਂਦਰੀ ਦਾਖਲਾ ਸੈੱਲ ਰਾਹੀਂ ਦਾਖਲਾ ਫਾਰਮ ਭਰਵਾਉਣ ਲਈ ਜ਼ਿੰਮੇਵਾਰ ਹੋਵੇਗਾ।

III. ਇਹਨਾਂ ਵਿਦਿਆਰਥੀਆਂ ਨੂੰ ਕਿਹੜੇ ਸਾਲ ਵਿੱਚ ਦਾਖਲਾ ਦਿੱਤਾ ਜਾ ਰਿਹਾ ਹੈ ਇਸ ਦਾ ਫੈਸਲਾ NCrF Level ਰਾਹੀਂ ਤੈਅ ਕੀਤਾ ਜਾਵੇਗਾ। NCrF Level ਚੈਕ ਕਰਨ ਉਪਰੰਤ ਜੇਕਰ ਇਹਨਾਂ ਵਿਦਿਆਰਥੀਆਂ ਦੇ ਕੋਈ Deficient paper ਦੇਣੇ ਬਣਦੇ ਹਨ ਤਾਂ ਉਹ ਵਿਭਾਗ ਮੁਖੀ ਬੋਰਡ ਆਫ਼ ਸਟੱਡੀਜ਼ ਰਾਹੀਂ ਇਹਨਾਂ ਵਿਦਿਆਰਥੀਆਂ ਦੀ Deficient paper ਦੀ ਲਿਸਟ ਬਣਾਉਣਗੇ ਜੋ ਕਿ ਕੰਟਰੋਲਰ ਪ੍ਰੀਖਿਆਵਾਂ ਅਤੇ ਕੋ-ਆਰਡੀਨੇਟਰ NEP 2020 ਰਾਹੀਂ Final ਕੀਤੀ ਜਾਵੇਗੀ। ਕੰਟਰੋਲਰ ਪ੍ਰੀਖਿਆਵਾਂ ਰਾਹੀਂ ਵਿਦਿਆਰਥੀ ਦੀ Deficient paper ਦੀ ਫੀਸ ਨਿਰਧਾਰਿਤ ਕੀਤੀ ਜਾਵੇਗੀ। ਵਿਦਿਆਰਥੀ ਦੀ ਫੀਸ ਭਰਵਾਉਣ ਅਤੇ Deficient paper ਕਰਵਾਉਣ ਦੀ ਸਾਰੀ ਜ਼ਿੰਮੇਵਾਰੀ ਵਿਭਾਗ ਦੀ ਹੋਵੇਗੀ।

**ਸਪੱਸ਼ਟ ਹੈ ਕਿ ਦਾਖਲਾ ਲੈਣ ਉਪਰੰਤ ਵਿਦਿਆਰਥੀ ਵੱਲੋਂ Deficient ਪੇਪਰ ਅਧਿਆਦੇਸ਼ਾਂ ਅਨੁਸਾਰ ਕੋਰਸ ਦੀ ਰਹਿੰਦੀ ਅਵਧੀ ਦੌਰਾਨ ਪਾਸ ਕਰਨੇ ਲਾਜ਼ਮੀ ਹੋਣਗੇ। ਜਿਵੇਂ ਕਿ ਜੇਕਰ ਵਿਦਿਆਰਥੀ ਕਿਸੇ ਕੋਰਸ ਦੇ ਦੂਸਰੇ ਸਾਲ ਵਿੱਚ ਦਾਖਲਾ ਲੈਂਦਾ ਹੈ ਅਤੇ ਕੋਰਸ ਪੂਰਾ ਕਰਨ ਦੀ ਅਵਧੀ ਪੰਜ ਸਾਲ ਹੈ ਤਾਂ ਵਿਦਿਆਰਥੀ ਵੱਲੋਂ ਅਗਾਮੀ ਤਿੰਨ ਸਾਲਾਂ ਵਿੱਚ Deficient Paper ਪਾਸ ਕਰਨੇ ਲਾਜ਼ਮੀ ਹੋਣਗੇ।**

IV. ਇਹਨਾਂ ਵਿਦਿਆਰਥੀਆਂ ਤੋਂ ਜਿਹੜੀ ਫੀਸ ਭਰਵਾਈ ਜਾਵੇਗੀ ਉਸਦਾ ਵੇਰਵਾ ਨਿਮਨ ਅਨੁਸਾਰ ਹੈ:

(i) ਪਹਿਲੇ ਸਾਲ ਦੇ ਦਾਖਲਾ ਲਈ:
Processing Fee Rs. 2,00,000/- + Applicable Migration Fee + Applicable Current Semester Fee + Previous Semester Fee

(ii) ਦੂਜੇ ਸਾਲ ਦੇ ਦਾਖਲਾ ਲਈ:
Processing Fee Rs. 2,00,000/- + Applicable Migration Fee + Applicable Previous Semesters Fee + Applicable Current Semester Fee

(iii) ਤੀਜੇ ਸਾਲ ਦੇ ਦਾਖਲਾ ਲਈ:
Processing Fee Rs. 2,00,000/- + Applicable Migration Fee + Applicable Previous both Semesters Fee + Applicable Current Semester Fee

(iv) ਇਸੇ ਤਰ੍ਹਾਂ ਅੱਗੇ ਜੇਕਰ ਹੋਰ ਕਿਸੇ ਹੋਰ ਸਾਲ ਜਾਂ ਸਮੈਸਟਰ ਵਿੱਚ ਦਾਖਲਾ ਲੈਣਾ ਹੈ ਤਾਂ ਲਾਜ਼ਮੀ Rs. 2,00,000/- Processing Fee + ਪਿਛਲੇ ਸਮੈਸਟਰਾਂ ਦੀ ਬਣਦੀ ਸਾਰੀ ਫੀਸ (ਜਿਸ ਵਿੱਚ ਟਿਊਸ਼ਨ ਫੀਸ, ਲੈਬ ਫੀਸ ਆਦਿ ਸਾਰੀਆਂ ਫੀਸਾਂ) + ਚਲਦੇ ਸਮੈਸਟਰ ਦੀ ਬਣਦੀ ਸਾਰੀ ਫੀਸ (ਜਿਸ ਵਿੱਚ ਟਿਊਸ਼ਨ ਫੀਸ, ਲੈਬ ਫੀਸ ਆਦਿ ਸਾਰੀਆਂ ਫੀਸਾਂ) ਭਰੇਗਾ। ਵਿਦਿਆਰਥੀ ਵੱਲੋਂ ਭਰੀ ਫੀਸ ਦੀ ਵੈਰੀਫੀਕੇਸ਼ਨ ਫੀਸ ਸੈਕਸ਼ਨ ਵੱਲੋਂ ਕੀਤੀ ਜਾਵੇਗੀ।

(v) Deficient Papers ਨਾਲ ਸਬੰਧਤ ਫੀਸ ਭਰਵਾਉਣ ਅਤੇ Deficient Papers ਨਾਲ ਸਬੰਧਤ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੰਟਰੋਲਰ(ਪ੍ਰੀਖਿਆਵਾਂ) ਦਫ਼ਤਰ ਵੱਲੋਂ ਕੀਤੀ ਜਾਇਆ ਕਰੇਗੀ।

V. ਇਹਨਾਂ ਵਿਦਿਆਰਥੀਆਂ ਦੀ ਸੀਟ Over and above ਹੋਵੇਗੀ।

VI. ਇਹਨਾਂ ਵਿਦਿਆਰਥੀਆਂ ਦੀ ਦਾਖਲੇ ਦੀ ਮਿਤੀ ਤੋਂ ਹੀ ਇਹਨਾਂ ਦੀ ਹਾਜ਼ਰੀ ਕੱਢੀ ਜਾਵੇਗੀ।

VII. ਇਹਨਾਂ ਵਿਦਿਆਰਥੀਆਂ ਦੀ ਡਿਗਰੀ ਦੇਣ ਲੱਗੇ ਯਕੀਨੀ ਬਣਾਇਆ ਜਾਵੇ ਕਿ ਇਹਨਾਂ ਵਿਦਿਆਰਥੀਆਂ ਦੇ 20 ਪ੍ਰਤੀ ਸਮੈਸਟਰ ਕਰੈਡਿਟ ਪਾਸ ਕੀਤੇ ਹੋਣ।

18/8/2026

ਡਾਇਰੈਕਟਰ, ਯੋਜਨਾ ਅਤੇ ਨਿਰੀਖਣ

1. ਮੁਖੀ ਸਾਹਿਬਾਨ, ਸਮੂਹ ਅਧਿਆਪਨ ਵਿਭਾਗ
2. ਕੰਟਰੋਲਰ(ਪ੍ਰੀਖਿਆਵਾਂ)
3. ਵਿੱਤ ਅਫ਼ਸਰ
4. ਕੋ-ਆਰਡੀਨੇਟਰ, ਕੇਂਦਰੀ ਦਾਖਲਾ ਸੈੱਲ

ਉਕਤ ਪੱਤਰ ਨੂੰ ਤੁਰੰਤ ਕਾਲਜਾਂ ਦੇ ਵੈੱਬਸਾਈਟ ਤੇ ਅਪਲੋਡ ਕਰਨ ਦੀ ਖੇਚਲ ਕਰਨਾ ਜੀ

1/9/26